www.ajdiawaaz.com

info@ajdiawaaz.com
awaaznewsdesk@gmail.com

# ਅੱਜ ਦੀ ਆਵਾਜ਼

ਕੀਮਤ 2 ਰੁਪਏ

• ਜਲੰਧਰ 25 ਜੁਲਾਈ, 2010 ਐਤਵਾਰ • 10 ਸਾਵਣ ਨਾਨਕਸ਼ਾਹੀ ਸੰਮਤ 542 • ਸਾਲ 26 • ਅੰਕ ਨੰ. 103 •ਟੈਲੀਫੋਨ ਨੰ.0181- 4626370, 2235707, ਫੈਕਸ ਨੰ. : 0181-2225427, 2235427 • Postel Regd. No. PB/0007/09-2011

## ਦਸੰਬਰ ਤੱਕ ਘਟੇਗੀ ਮਹਿੰਗਾਈ-ਪ੍ਰਧਾਨ ਮੰਤਰੀ



ਨਵੀਂ ਦਿੱਲੀ, 24 ਜੁਲਾਈ (ਵਿਸ਼ਵ ਵਾਰਤਾ)- ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ ਹੈ ਕਿ ਦਸੰਬਰ ਤੱਕ ਮਹਿੰਗਾਈ ਘੱਟ ਹੋਣ ਦੇ ਆਸਾਰ ਹਨ। ਅੱਜ ਰਾਸ਼ਟਰੀ ਵਿਕਾਸ ਪ੍ਰੀਸ਼ਦ (ਐਨ.ਡੀ.ਸੀ.) ਦੀ ਬੈਠਕ ਵਿਚ ਦੇਸ਼ ਭਰ ਦੇ ਮੁੱਖ ਮੰਤਰੀ ਅਤੇ ਆਪਣੇ ਸਹਿਯੋਗੀਆਂ ਨਾਲ ਬੈਠਕ ਵਿਚ ਪ੍ਰਧਾਨ ਮੰਤਰੀ ਨੇ ਮੰਨਿਆ ਕਿ ਮਹਿੰਗਾਈ 'ਤੇ ਸਾਲ ਦੇ ਅੰਤ ਵਿਚ ਰੋਕ ਲੱਗੇਗੀ। ਮਨਮੋਹਨ ਸਿੰਘ ਨੇ ਆਸ ਪ੍ਰਗਟਾਈ ਕਿ ਖੁਰਾਕ ਪਦਾਰਥਾਂ ਦੇ ਥੋਕ ਮੁੱਖ ਸੂਚਕ ਅੰਕ ਵਿਚ ਦਸੰਬਰ ਵਿਚ ਗਿਰਾਵਟ ਆ ਸਕਦੀ ਹੈ। ਉਨ੍ਹਾਂ ਕਿਹਾ ਕਿ ਮਾਨਸੂਨ ਤੋਂ ਬਾਅਦ ਖਰੀਫ ਦੀ ਫਸਲ ਆਉਣ ਤੋਂ ਬਾਅਦ ਕੀਮਤਾਂ ਵਿਚ ਗਿਰਾਵਟ ਆਏਗੀ। ਹਾਲਾਂਕਿ ਉਨ੍ਹਾਂ ਨੇ ਇਹ ਵੀ ਸਪਸ਼ਟ ਕੀਤਾ ਕਿ ਖਰੀਫ ☛(ਬਾਕੀ ਸਫਾ 2 'ਤੇ)

### ਬਾਦਲ ਪੁੱਜੇ ਦਿੱਲੀ, ਕੇਂਦਰ ਨੂੰ ਕਿਹਾ :

## ਕੁਦਰਤੀ ਆਫਤ ਅਧੀਨ ਫਸਲੀ ਨੁਕਸਾਨ ਲਈ ਪ੍ਰਤੀ ਏਕੜ 10 ਹਜ਼ਾਰ ਮੁਆਵਜ਼ਾ ਮਿਲੇ

ਦਿੱਲੀ/ਚੰਡੀਗੜ੍ਹ, 24 ਜੁਲਾਈ (ਹਰੀਸ਼ ਚੰਦਰ ਬਾਗਾਂਵਾਲਾ)- ਪੰਜਾਬ ਦੇ ਮੁੱਖ ਮੰਤਰੀ ਸ੍ਰ: ਪ੍ਰਕਾਸ਼ ਸਿੰਘ ਬਾਦਲ ਨੇ ਅੱਜ ਕੁਦਰਤੀ ਆਫਤ ਰਾਹਤ ਫੰਡ ਦੇ ਵਰਤਮਾਨ ਮਾਪਦੰਡਾਂ ਅਧੀਨ ਕੇਵਲ 2 ਹੈਕਟੇਅਰ ਤਕ 1600/- ਰੁਪਏ ਪ੍ਰਤੀ ਏਕੜ ਮੁਆਵਜ਼ੇ ਦੀ ਥਾਂ ਕਿਸਾਨਾਂ ਦੀ ਖਰਾਬੇ ਅਧੀਨ ਆਈ ਸਮੁੱਚੀ ਜ਼ਮੀਨ ਦੇ ਫਸਲੀ ਨੁਕਸਾਨ ਲਈ ਪ੍ਰਤੀ ਏਕੜ 10000/- ਰੁਪਏ ਮੁਆਵਜ਼ੇ ਦੀ ਮੰਗ ਕੀਤੀ ਹੈ। ਅੱਜ ਵਿਗਿਆਨ ਭਵਨ, ਨਵੀਂ ਦਿੱਲੀ ਵਿਖੇ ਕੌਮੀ ਵਿਕਾਸ ਕੌਂਸਲ ਦੇ 55ਵੇਂ ਸੈਸ਼ਨ ਵਿੱਚ ਬੋਲਦਿਆਂ ਸ੍ਰ: ਬਾਦਲ ਨੇ ਕਿਹਾ ਕਿ ਕੇਂਦਰ ਨੂੰ ਇਹ ਮਾਪਦੰਡ ਤੁਰੰਤ ਬਦਲਣ ਲਈ ਉਚਿਤ ਕਦਮ ਚੁੱਕਣੇ ਚਾਹੀਦੇ ਹਨ ਕਿਉਂ ਜੋ ਇਹ ਮਾਪਦੰਡ ਕੁਦਰਤ ਦੀ ਕਰੋਪੀ ਦਾ ਸ਼ਿਕਾਰ ਹੋਏ ਕਿਸਾਨਾਂ ਨੂੰ ਰਾਹਤ ਦੇਣ ਲਈ ਬਹੁਤ ਹੀ ਘੱਟ ਅਤੇ ਨਾਕਾਫੀ ਹਨ। ਖੇਤੀ ਖੇਤਰ ਸੰਬਧੀ ਬੋਲਦਿਆਂ ਸ. ਬਾਦਲ ਨੇ ਕੇਂਦਰ ਸਰਕਾਰ 'ਤੇ ਜ਼ੋਰ ਦਿੱਤਾ ਕਿ ਉਹ ਜਾਂ ਤਾਂ ਖੇਤੀ ਫਸਲਾਂ ਦੀ ਘਟੋ-ਘੱਟ ਖਰੀਦ ਕੀਮਤ ਇਨ੍ਹਾਂ ਦੀ ਲਾਗਤ ਕੀਮਤਾਂ ਦੇ ਅਨੁਸਾਰ ਨਿਸ਼ਚਿਤ ਕਰੇ ਜਾਂ ਫੇਰ ਪ੍ਰਸਿੱਧ ਖੇਤੀ ਆਰਥਿਕ ਮਾਹਿਰ ਡਾ. ਐਮ ਐਸ ਸਵਾਮੀਨਾਥਨ ਦੀ ਅਗਵਾਈ ਵਾਲੇ ਕੌਮੀ ਕਿਸਾਨ ਕਮਿਸ਼ਨ ਦੀਆਂ ਸ਼ਿਫਾਰਸ਼ਾਂ ਅਨੁਸਾਰ ਲਾਗਤ ਕੀਮਤਾਂ ਦੇ ਨਾਲ 50 ਫੀਸਦੀ ਮੁਨਾਫਾ ☛(ਬਾਕੀ ਸਫਾ 2 'ਤੇ)



## ਹਰਿਆਣਾ 'ਚ ਟੋਰਨੇਡੋ ਦੀ ਗੁੱਥੀ ਸੁਲਝੀ

### ਘੱਟ ਤੀਬਰਤਾ ਹੋਣ ਕਾਰਨ ਜਾਣ ਮਾਲ ਦਾ ਹੋਇਆ ਬਚਾਅ

**1978 'ਚ ਦਿੱਲੀ 'ਚ ਵੀ ਵਾਪਰੀ ਸੀ ਘਟਨਾ**

ਚੰਡੀਗੜ੍ਹ, 24 ਜੁਲਾਈ (ਹਰੀਸ਼ ਚੰਦਰ ਬਾਗਾਂਵਾਲਾ)-ਪਿਛਲੇ ਦਿਨੀ ਹਰਿਆਣਾ ਦੇ ਫਤਿਹਆਬਾਦ ਦੇ ਪਿੰਡ ਅਹਿਲੀਸਦਰ ਵਿੱਚ ਆਏ ਟੋਰਨਿਡੋ ਦੀ ਵਿਸਥਾਰਪੂਰਵਕ ਜਾਣਕਾਰੀ ਲਈ ਮੌਸਮ ਵਿਭਾਗ ਚੰਡੀਗੜ੍ਹ ਦੇ ਵਿਗਿਆਨੀਆਂ ਨੇ ਦੌਰਾ ਕੀਤਾ ਅਤੇ ਮੌਕੇ ਦਾ ਮੁਆਇਨਾ ਕੀਤਾ। ਬਾਅਦ ਵਿੱਚ ਉਨ੍ਹਾਂ ਨੇ ਦੱਸਿਆ ਕਿ ਵਾਤਾਵਰਣ ਵਿੱਚ ਆਈ ਲਗਾਤਾਰ ਤੇਜ਼ੀ ਨਾਲ ਆਈ ਤਬਦੀਲੀ ਦੇ ਕਾਰਨ ਤਾਪਮਾਨ ਵਧ ਰਿਹਾ ਹੈ। ਹੱਦ ਤੋਂ ਵੱਧ ਬਰਸਾਤ ਤੇ ਹੱਦ ਤੋਂ ਵੱਧ ਸੋਕਾ ਇਹ ਹਾਲਤਾਂ ਗਵਾਹੀ ਭਰਦੀਆਂ ਹਨ ਕਿ ਟੋਰਨਿਡੋ ਮੌਜੂਦ ਹਨ ਅਤੇ ਇਨ੍ਹਾਂ ਦੀ ਵਿਸਥਾਰਪੂਰਵਕ ਜਾਣਕਾਰੀ ਲੱਭੀ ਜਾਵੇਗੀ। 22 ਜੁਲਾਈ ਨੂੰ ਬਣੇ ਟੋਰਨਿਡੋ ਦਾ ਕਾਰਨ ਅਧਿਕ ਦਬਾਅ ਵਾਲੇ ਖੇਤਰਾਂ 'ਚ ਆਈ ਤੇਜ਼ ☛(ਬਾਕੀ ਸਫਾ 2 'ਤੇ)

## ਮਿੱਗ-27 ਮਕਾਨ 'ਤੇ ਡਿੱਗਿਆ, 1 ਹਲਾਕ

ਕੋਲਕਾਤਾ, 24 ਜੁਲਾਈ (ਵਿਸ਼ਵ ਵਾਰਤਾ)-ਪੱਛਮੀ ਬੰਗਾਲ ਦੇ ਜਲਪਾਈਗੁੱਡੀ ਦੇ ਮੋਇਨਾਗੁੱਡੀ ਵਿਚ



ਹਵਾਈ ਸੈਨਾ ਦੇ ਲੜਾਕੂ ਜਹਾਜ਼ ਮਿੱਗ-27 ਦੇ ਹਾਦਸਾਗ੍ਰਸਤ ਹੋਣ ਕਾਰਨ ਇਕ ਪਿੰਡ ਵਾਸੀ ਦੀ ਮੌਤ ਹੋ ਗਈ, ਜਦੋਂ ਕਿ 25 ਹੋਰ ਜ਼ਖ਼ਮੀ ਹੋ ਗਏ। ਸੂਤਰਾਂ ਅਨੁਸਾਰ ਇਹ ਹਾਦਸਾ ਅੱਜ 11 ਵਜੇ ਵਾਪਰਿਆ। ਪ੍ਰਤੱਖਦਰਸ਼ੀਆਂ ਅਨੁਸਾਰ ਮਿੱਗ-27 ਜਹਾਜ਼ ਦੇ ਇੰਜਣ ਅਤੇ ਤੇਲ ਟੈਂਕ ਵਿਚ ਵਿਸਫੋਟ ਕਾਰਨ ਇਸ ਜਹਾਜ਼ ਨੂੰ ਅੱਗ ਲੱਗ ਗਈ। ਜਿਸ ਕਾਰਨ ਇਹ ਬੇਕਾਬੂ ਹੋ ਕੇ ਇਕ ਪਿੰਡ ਵਿਚ ਡਿੱਗ ਪਿਆ। ਹਾਲਾਂਕਿ ਪਾਇਲਟ ਜਹਾਜ਼ ਤੋਂ ਨਿਕਲਣ ਵਿਚ ਸਫ਼ਲ ਹੋ ਗਿਆ। ਇਹ ਜਹਾਜ਼ ਇਕ ਮਕਾਨ 'ਤੇ ਡਿੱਗਿਆ, ਜਿਸ ਨਾਲ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ 25 ਜ਼ਖ਼ਮੀ ਹੋ ਗਏ। ਇਸ ਦੌਰਾਨ 10 ਜ਼ਖ਼ਮੀਆਂ ਦੀ ਹਾਲਤ ਗੰਭੀਰ ਦੱਸੀ

## ਦਾਊਦ ਦੇ ਸਾਥੀ ਵੱਲੋਂ ਅਬੂ ਸਲੇਮ 'ਤੇ ਹਮਲਾ

ਮੁੰਬਈ, 24 ਜੁਲਾਈ (ਵਿਸ਼ਵ ਵਾਰਤਾ) - ਮੁੰਬਈ ਦੀ ਆਰਥਰ ਰੋਡ ਜੇਲ੍ਹ ਵਿਚ ਅੱਜ ਅੰਤਰਰਾਸ਼ਟਰੀ ਮਾਫੀਆ ਡੌਨ ਅਬੂ ਸਲੇਮ 'ਤੇ ਹਮਲਾ ਕੀਤਾ ਗਿਆ। ਸਲੇਮ 'ਤੇ ਦਾਊਦ ਦੇ ਸਾਥੀ ਮੁਸਤਫਾ ਦੌਸਾ ਨੇ ਇਕ ਨੁਕੀਲੀ ਚੀਜ਼ ਨਾਲ ਹਮਲਾ ਕੀਤਾ। ਜਿਸ ਨਾਲ ਸਲੇਮ ਜ਼ਖ਼ਮੀ ਹੋ ਗਿਆ ਤੇ ਡਾਕਟਰਾਂ ਨੇ ਉਸ ਦਾ ਹਸਪਤਾਲ ਵਿਚ ਇਲਾਜ ਕੀਤਾ। ਦੌਸਾ 1993 ਬੰਬ ਧਮਾਕਿਆਂ ਦੇ ਦੋਸ਼ੀ ਹੈ ਅਤੇ ਉਹ ਇਸੇ ਜੇਲ੍ਹ ਵਿਚ ਬੰਦ ਹੈ। ਇਸੇ ਜੇਲ੍ਹ ਵਿਚ 26 ਨਵੰਬਰ ਦੇ ਮੁੰਬਈ ਹਮਲਿਆਂ ਦਾ ਦੋਸ਼ੀ ਅੱਤਵਾਦੀ ਅਜਮਲ ਆਮਿਰ ਕਸਾਬ ਵੀ ਬੰਦ ਹੈ। ਜ਼ਿਕਰਯੋਗ ਹੈ ਕਿ ਸਲੇਮ ਅਤੇ ਦਾਊਦ ਵਿਚਾਲੇ ਲੰਬੇ ਸਮੇਂ ਤੋਂ ਦੁਸ਼ਮਣੀ ਚੱਲ ਰਹੀ ਹੈ। ਇਕ ਸਮੇਂ ਸਲੇਮ ਦਾਊਦ ਲਈ ਕੰਮ ਕਰਦਾ ਸੀ, ਪਰ ਬਾਅਦ ਵਿਚ ਉਸ ਨੇ ਆਪਣਾ ਵੱਖਰਾ ਗੈਂਗ ਬਣਾ ਲਿਆ ਸੀ। ਸਲੇਮ 1993 ਵਿਚ ਬੰਬ ਧਮਾਕਿਆਂ ਦਾ ਮੁੱਖ ਦੋਸ਼ੀ ਹੈ। ਉਸ ਨੂੰ 2005 ਵਿਚ ਪੁਰਤਗਾਲ ਤੋਂ ਭਾਰਤ ਲਿਆਇਆ ਗਿਆ ਹੈ ਤੇ ਉਹ ਉਸ ਸਮੇਂ ਤੋਂ ☛(ਬਾਕੀ ਸਫਾ 2 'ਤੇ)

### ਸੋਹਰਾਬੂਦੀਨ ਪੁਲਿਸ ਮੁਕਾਬਲਾ:

## ਸ਼ਾਹ ਵੱਲੋਂ ਅਸਤੀਫਾ

ਗਾਂਧੀਨਗਰ, 24 ਜੁਲਾਈ (ਵਿਸ਼ਵ ਵਾਰਤਾ)-ਸੋਹਰਾਬੂਦੀਨ ਸ਼ੇਖ ਝੂਠੇ ਪੁਲਿਸ ਮੁਕਾਬਲੇ ਵਿਚ ਫਸੇ ਗੁਜਰਾਤ ਦੇ ਗ੍ਰਹਿ ਰਾਜ ਮੰਤਰੀ ਅਮਿਤ ਸ਼ਾਹ ਨੇ ਅੱਜ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਇਸ ਸਬੰਧੀ ਪੁਸ਼ਟੀ ਕਰਦਿਆਂ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਸ਼ਾਹ ਨੇ ਆਪਣਾ ਅਸਤੀਫਾ ਉਨ੍ਹਾਂ ਦੇ ਘਰ 'ਤੇ ਭੇਜਿਆ ਹੈ। ਜ਼ਿਕਰਯੋਗ ਹੈ ਕਿ ਕੱਲ੍ਹ ਸੀ.ਬੀ. ਆਈ ਵੱਲੋਂ ਇਸ ਮਾਮਲੇ ਵਿਚ ਸ਼ਾਹ ਸਮੇਤ 15 ਵਿਅਕਤੀਆਂ ਵਿਰੁੱਧ ਦੋਸ਼ ਪੱਤਰ ਦਾਇਰ ਕੀਤਾ ਗਿਆ ਸੀ। ਦਾਇਰ ਕੀਤੇ ਦੋਸ਼ ਪੱਤਰ ਵਿਚ ਅਮਿਤ ਸ਼ਾਹ ਨੂੰ ਸਹਿ ਦੋਸ਼ੀ ਬਣਾਇਆ ਗਿਆ ਹੈ। ਸ਼ਾਹ ਵਿਰੁੱਧ ਧਾਰਾ 173 ਤਹਿਤ ਕਤਲ, ਸਾਜ਼ਿਸ਼ ਰਚਣ, ਅਗਵਾ ਕਰਨ ਤੇ ਸਬੂਤ ਨਸ਼ਟ ਕਰਨ ਦੇ ਦੋਸ਼ ਲਾਏ ਗਏ ਹਨ। ਸੀ.ਬੀ.ਆਈ ਦਾ ਕਹਿਣਾ ਹੈ ਕਿ 15 ਦੋਸ਼ੀਆਂ ਵਿਰੁੱਧ ਸੋਹਰਾਬੂਦੀਨ ਤੇ ਉਸ ਦੀ ਪਤਨੀ ਨੂੰ ਝੂਠੇ ਪੁਲਿਸ ਮੁਕਾਬਲੇ ਵਿਚ ਬੇਰਹਿਮੀ ਨਾਲ ਮਾਰ ਦੇਣ ਦੇ ਦੋਸ਼ ਲਾਏ ਗਏ ਹਨ। ਅੱਜ ਇਕ ਸਮਾਗਮ ਵਿਚ ਹਿੱਸਾ ਲੈਣ ਦਿੱਲੀ ਪਹੁੰਚੇ ਨਰਿੰਦਰ ਮੋਦੀ ਨੇ ਹਵਾਈ ਅੱਡੇ 'ਤੇ ਪੱਤਰਕਾਰਾਂ ਨਾਲ ਗੱਲਬਾਤ ਵਿਚ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਆਪਣੇ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣ ਲਈ ਸੀ.ਬੀ.ਆਈ. ਦੀ ਪੂਰੀ ਤਰ੍ਹਾਂ ਨਾਲ ਰਾਜਨੀਤੀਕਰਨ ਤੇ ਦੁਰਵਰਤੋਂ ਕਰਦੇ ☛(ਬਾਕੀ ਸਫਾ 2 'ਤੇ)

## ਸਿੱਖ ਵਿਦਵਾਨ ਜਸਵੰਤ ਸਿੰਘ ਕੰਵਲ ਬਾਰੇ ਪੁਸਤਕ 'ਪੰਜਾਬ ਦੀ ਪੱਗ' ਜਾਰੀ

### ਕੰਵਲ ਦੀ ਸਾਹਿਤਕ ਦੇਣ ਬਾਰੇ ਡੂੰਘੀ ਵਿਚਾਰ ਚਰਚਾ

ਜਲੰਧਰ, 24 ਜੁਲਾਈ (ਮਲਕੀਤ ਸਿੰਘ ਬਰਾੜ)-ਅੱਜ ਇੱਥੇ ਸਥਾਨਕ ਪ੍ਰੈੱਸ ਕਲੱਬ ਵਿੱਚ ਉੱਘੇ ਨਾਵਲਕਾਰ ਅਤੇ ਸਿੱਖ ਵਿਦਵਾਨ ਸ. ਜਸਵੰਤ ਸਿੰਘ ਕੰਵਲ ਦੇ ਜੀਵਨ, ਸਾਹਿਤਕ ਘਾਲਣਾ ਅਤੇ ਵਿਚਾਰਧਾਰਾ ਬਾਰੇ ਚਾਨਣਾ ਪਾਉਂਦੀ ਸ. ਰਜਿੰਦਰ ਸਿੰਘ ਰਾਹੀ ਵੱਲੋਂ ਲਿਖੀ ਪੁਸਤਕ "ਪੰਜਾਬ ਦੀ ਪੱਗ" ਲੋਕ ਅਰਪਨ ਕੀਤੀ ਗਈ। ਇਸ ਅਹਿਮ ਕਿਤਾਬ ਨੂੰ ਜਾਰੀ ਕਰਨ ਦੀ ਰਸਮ ਸਿੱਖ ਪੰਥ ਦੀ ਉੱਘੀ ਸ਼ਖ਼ਸੀਅਤ ਅਤੇ ਸੰਤ ਸਮਾਜ ਦੇ ਉੱਚ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਊਨਾ ਸਾਹਿਬ ਵਾਲਿਆਂ ਨੇ ਉੱਘੇ ਸਿੱਖ ਵਿਦਵਾਨਾਂ ਦੀ ਹਾਜ਼ਰੀ ਵਿੱਚ ਨਿਭਾਈ। ਇਸ ਮੌਕੇ 'ਤੇ ਪ੍ਰਧਾਨਗੀ ਮੰਡਲ ਵਿੱਚ ਰੋਜ਼ਾਨਾ ਅੱਜ ਦੀ ਆਵਾਜ਼ ਦੇ ਸੰਪਾਦਕ ਸ. ਬਲਜੀਤ ਸਿੰਘ ਬਰਾੜ, ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸਹਾਇਕ ਸੰਪਾਦਕ ਸ. ਕਰਮਜੀਤ ਸਿੰਘ ਚੰਡੀਗੜ੍ਹ, ਉੱਘੇ ਵਿਦਵਾਨ ਸ. ਅਜਮੇਰ ਸਿੰਘ, ਦੇਸ਼ ਪੰਜਾਬ ਦੇ ਸੰਪਾਦਕ ਸ. ਗੁਰਬਚਨ ☛(ਬਾਕੀ ਸਫਾ 2 'ਤੇ)



(ਫੋਟੋ : ਕੁਲਦੀਪ ਸਿੰਘ)

## ਟੈਸਟ ਕ੍ਰਿਕਟ 'ਚ ਪਾਕਿ ਨੇ ਆਸਟ੍ਰੇਲੀਆ ਨੂੰ 15 ਸਾਲ ਬਾਅਦ ਹਰਾਇਆ

ਹੈਡਿੰਗਲੇ, 24 ਜੁਲਾਈ (ਵਿਸ਼ਵ ਵਾਰਤਾ)- ਪਾਕਿਸਤਾਨ ਕ੍ਰਿਕਟ ਟੀਮ ਨੇ ਅੱਜ ਟੈਸਟ ਕ੍ਰਿਕਟ ਵਿਚ ਇਤਿਹਾਸ ਸਿਰਜਦਿਆਂ ਆਸਟ੍ਰੇਲੀਆ ਨੂੰ 3 ਵਿਕਟਾਂ ਨਾਲ ਹਰਾ ਦਿੱਤਾ। ਪਾਕਿਸਤਾਨ ਦੀ ਆਸਟ੍ਰੇਲੀਆ ਉਤੇ ਇਹ 15 ਸਾਲ ਬਾਅਦ ਪਹਿਲੀ ਜਿੱਤ ਹੈ। ਇਸ ਤੋਂ ਪਹਿਲਾਂ ਪਾਕਿਸਤਾਨ ਨੇ 1995 ਵਿਚ ਆਸਟ੍ਰੇਲੀਆ ਨੂੰ 74 ਦੌੜਾਂ ਨਾਲ ਹਰਾਇਆ ਸੀ। ਇਸ ਜਿੱਤ ਦੇ ਨਾਲ ਹੀ ਪਾਕਿਸਤਾਨ ਤੇ ਆਸਟ੍ਰੇਲੀਆ ਵਿਚ ਟੈਸਟ ਲੜੀ 1-1 ਨਾਲ ਬਰਾਬਰ ਹੋ ਗਈ ਹੈ। ਲੜੀ ਦਾ ਪਹਿਲਾ ਮੈਚ ਆਸਟ੍ਰੇਲੀਆ ਨੇ 150 ਦੌੜਾਂ ਨਾਲ ਜਿੱਤਿਆ ਸੀ। ਪਾਕਿਸਤਾਨ ਨੇ ਇਹ ਮੈਚ ਸਲਮਾਨ ਬੱਟ ਦੀ ਕਪਤਾਨੀ ਵਿਚ ਜਿੱਤਿਆ ਹੈ। ਇਸ ਮੈਚ ਵਿਚ ਆਸਟ੍ਰੇਲੀਆ ਨੇ ਆਪਣੀ ਪਹਿਲੀ ਪਾਰੀ ਵਿਚ ਕੇਵਲ 88 ਦੌੜਾਂ ਬਣਾਈਆਂ ਸਨ, ਜਿਸ ਦੇ ਜਵਾਬ ਵਿਚ ਪਾਕਿਸਤਾਨ ਨੇ 258 ਦੌੜਾਂ ਬਣਾਈਆਂ। ☛(ਬਾਕੀ ਸਫਾ 2 'ਤੇ)

